ਸਭ ਹਕ ਰਾਖਵੇਂ ਹਨ ਬਿਨਾਂ ਆਗਿਆ ਕੋਈ ਨ ਛਾਪੇ।

ਟਾਈਪ ਦਾ ਛਾਪਾ

---

ਕਿਸਾ G.229

# ਮਿਰਜ਼ਾ ਸਾਹਿਬਾਂ

ਸੁਰਾਂ ਵਾਲਾ

ਕ੍ਰਿਤ ਕਵੀ
ਭਗਵਾਨ ਸਿੰਘ, ਪ੍ਰਸਿੱਧ ਕਵੀਸ਼ਰ

DYAL SINGH … LAHORE

ਜਿਸਨੂੰ
ਭਾਈ ਰਲਾ ਸਿੰਘ ਐਂਡ ਸਨਜ਼
ਪੁਸਤਕਾਂ ਛਾਪਨ ਤੇ ਵੇਚਨ ਵਾਲੇ
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

---

ਭਾਰਤ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਠਾਕਰ ਸਿੰਘ
ਮੈਨਜਰ (ਪ੍ਰਿੰਟਰ) ਨੇ ਯਤਨ ਨਾਲ ਛਪਾਇਆ ॥

ਤਦਾਦ ੨੦੦੦ ਕੀਮਤ ਪੰਜ ਆਨੇ

# ਅਬ ਕਿੱਸਾ ਮਿਰਜ਼ਾ ਸਾਹਿਬਾਂ ਕਾ ਲਿਖਯਤੇ

## (ਕ੍ਰਿਤ ਕਵਿ ਭਾਈ ਭਗਵਾਨ ਸਿੰਘ)

ਸਾਕਨ ਮੌਜ਼ਿਆਂ ਮਹਿਰਾਜ ਨਥਾਨਾ ਤਹਸੀਲ ਮੋਗਾ ਜ਼ਿਲਾ ਫੀਰੋਜ਼ਪੁਰ

## ਸੁਰ

ਅਵਲ ਸਿਜਦਾ ਰਬ ਨੂੰ ਸਰਬ ਕਲਾਂ ਭਰਪੂਰ। ਮਾਲਕ ਚੌਦਾਂ ਤਬਕ ਦਾ ਕੁਲ ਦੁਨੀਆਂ ਮਜਦੂਰ। ਜਿਥੇ ਕਿਥੇ ਸੇਵੀਏ ਹਾਜਰ ਸਦਾ ਹਜੂਰ। ਕਰ ਸਾਹਿਬ ਦੀ ਬੰਦਗੀ ਨਾ ਹੋਣਾ ਮਗਰੂਰ। ਤਾਜਾ ਰਿਜਕ ਪੁਚਾਉਂਦਾ ਨਿਤ ਸਾਬਕ ਦਸਤੂਰ। ਕਰੇ ਕਰੋੜਾਂ ਰਹਿਮਤਾਂ ਮੈਂ ਵਿਚ ਲਖ ਕਸੂਰ। ਚਾਰ ਚੁਫੇਰੇ ਚਾਨਣਾ ਰੋਸ਼ਨ ਨੂਰ ਜਹੂਰ। ਜੋ ਕੁਛ ਚਾਹੇ ਸੋ ਕਰੇ ਰਬ ਰਹੀਮ ਗਫੂਰ। ਰੋਮ ਰੋਮ ਵਿਚ ਰਮਰਿਹਾ ਪਲਕ ਝਲਕ ਨਹੀਦੂਰ। ਭਗਵਾਨਸਿੰਘ ਦਰਵੇਸ਼ ਦੀ ਅਰਜ ਗਰਜ ਮਨਜੂਰ। ੧॥ ਅਲਾ ਜਲਾ ਸ਼ਾਨ ਤੂ ਕੁਦਰਤ ਤੋਂ ਕੁਰਬਾਨ। ਕਰੇ ਮੁਰਾਦਾਂ ਪੂਰੀਆਂ ਸੇਵਕ ਕੁਲ ਜਹਾਨ। ਤੇਰਾ ਵਿਰਦ ਕਮਾਉਂਦੇ ਹਿੰਦੂ ਮੁਸਲਮਾਨ। ਹਿੰਦੂ ਪੜ੍ਹਦੇ ਪੋਥੀਆਂ ਮੁਸਲਮਾਨ ਕੁਰਾਨ। ਸਭ ਦੁਨੀਆਂ ਨੂੰ ਆਸਰਾ ਹੁਕਮ ਤੇਰਾ ਪਰਵਾਨ। ਕਿਨ ਕੰਮ ਦੇ ਸਾਜਿਆ ਧਰਤੀ ਤੇ ਅਸਮਾਨ। ਆਸ ਪੁਜਾਵੇਂ ਸਭਸ ਦੀ ਰਬ ਰਹੀਮ ਰਹਿਮਾਨ। ਭਗਵਾਨ ਸਿੰਘਾ

ਦਰਵੇਸ਼ ਨੂੰ ਬਖਸ਼ੀ ਦੀਨ ਈਮਾਨ ॥ ੨ ॥

ਤੂਰ ਮਿਰਜ਼ਾ

ਝਿੰਬਰ ਦੇ ਘਰ ਜੰਮਿਆ ਮਿਰਜ਼ਾ ਛੈਲ ਜੁਆਨ। ਮੁਲਕ ਚੰਕਾ ਬਾਰਦ ਦਾਨਾਬਾਦ ਮਕਾਨ। ਝਿੰਲਰੋਤ ਦਾ ਖਰਲ ਸੀ ਕੌਮੋ ਮੁਸਲਮਾਨ। ਝੰਗ ਸਿਆਲਾਂ ਦਾ ਚੌਧਰੀ ਹਜਸਤ ਖੀਵੇ ਖਾਨ। ਸਾਹਿਬਾਂ ਜਿਸਦੀ ਛੋਕਰੀ ਅਲੜ੍ਹ ਨਪਮ ਨਦਾਨ। ਸੂਰਤ ਮੂਰਤ ਗਜਬਦੀ ਪਰੀਆਂ ਸ਼ਕਲ ਨਿਸ਼ਾਨ। ਉਮਰ ਅਵਾਇਲ ਹੋਕਰੇ ਇਕੋ ਜੇਹਾ ਹਾਨ। ਸਾਹਿਬਾਂ ਤੇ ਮਿਰਜ਼ੇ ਦੀ ਦੋਸਤੀ ਹੋਏਨ ਵਿਚ ਜਨਾਨ ॥ ੩ ॥

ਸਿਫਤ ਸਾਹਿਬਾਂ

ਸੂਰਤ ਸਾਹਿਬਾਂ ਰੰਨ ਦੀ ਰੋਸ਼ਨ ਬਦਰ ਮਨੀਰ। ਸਸੀ ਸ਼ੀਰੀ ਸੋਹਣੀ ਯਾ ਲੈਲਾਂ ਤਸਵੀਰ। ਯਾ ਕੋਈ ਹੂਰ ਬਹਿਸ਼ਤ ਦੀ ਯਾ ਪਰਗਟ ਹੈ ਹੀਰ। ਹੋਯਾ ਦੀਵਾਨਾ ਦੇਖਕੇ ਆਸ਼ਕ ਹੋਰ ਫਕੀਰ। ਮਥਾ ਝਾਲੇ ਚੰਦ ਦਾ ਨੈਣ ਦੁਰਾਂਜੇ ਤੀਰ। ਸੂਰਤ ਦੇਖਕੇ ਪਰੀ ਦੀ ਭਿਗਦੇ ਅਹਿਲ ਅਮੀਰ। ਗਲਾਂ ਸੁਣਕੇ ਮੁਖ ਤੋਂ ਹਾਜੇ ਹੋਣ ਜਹੀਰ। ਕੋਮਲ ਕਮਲ ਗੁਲਾਬ ਤੋਂ ਹੁੰਦਨ ਨਰਮ ਸਰੀਰ। ਜਿਸੋ ਅਰ ਕਾਲੇ ਛੇਦੀਆਂ ਟੇਡੀ ਮੇਓ ਕਸ਼ਮੀਰ। ਨਹੀ ਹਿਸਾਬ ਵਜੂਦ ਦਾ ਕਿਆ ਕਰੀਏ ਤਦਬੀਰ। ਆਸ਼ਕ ਮਰਦ ਤੜਫਕੇ ਆ ਜਾਂਦੀ ਤਦਬੀਰ। ਭਗਵਾਨ ਸਿੰਘ ਕੁਰਬਾਨ ਹੈ ਕਰ ਦਿਲਦੀ ਤਹਰੀਰ ॥ ੪ ॥ ਮਿਰਜ਼ਾ ਵਹਿੰਦਾ ਸੀ

ਨਾਨਕੇ ਪੜਿਆ ਵਿਚ ਮਸੀਤ। ਵਿਚ ਮਸੀਤ ਦੇ ਲਗ ਗਈ ਸਾਹਿਬਾਂ ਨਾਲ ਪਰੀਤ। ਕਾਜੀ ਬਹੁਤ ਨਰਾਜ ਸੀ ਹਟੇ ਨ ਮੂਲ ਪਲੀਤ। ਸਾਹਿਬਾਂ ਨਿਤ ਉਠ ਗਾਉਂਦੀ ਮਿਰਜੇ ਮੰਦੇ ਗੀਤ। ਮਿਰਜਾ ਭੀ ਸਾਹਿਬਾਂ ਨੂੰ ਜਾਨਦਾ ਛਾਤੀ ਨਾਲ ਤਵੀਤ। ਇਕ ਪਲ ਨਹੀਂ ਵਿਸਾਰ ਦੇ ਮੁਢ ਕਦੀਮੋਂ ਹੀਤ। ਆਸ਼ਕ ਸਾਦਕ ਹੋਨਗੇ ਦੁਨੀਆਂ ਨੂੰ ਪਰਤੀਤ॥ ੫ ॥ ਝੰਗ ਸਿਆਲਾਂ ਤੋ ਉਠਕੇ ਜਾਂਦਾ ਦਾਨਾਂ ਬਾਦ। ਆਉਣਾ ਜਾਨਾ ਜਰੂਰ ਸੀ ਦਿਲੇ ਨ ਰਹੇ ਕੁਸ਼ਾਦ। ਚਾਰ ਦਿਹਾੜੇ ਕਟਕੇ ਸਾਹਿਬਾਂ ਆਉਂਦੀ ਯਾਦ। ਓਦਰ ਸਾਹਿਬਾ ਓ ਦਰੇ ਦੋਨੋਂ ਤਰਫ ਫਸਾਦ। ਰਲ ਮਿਲ ਉਮਰ ਗੁਜਾਰੀਏ ਦਿਲੋਂ ਦਲੀਲ ਮੁਰਾਦ। ਖੀਵੇ ਦੇ ਘਰ ਰਹਿਨ ਨੂੰ ਬੈਠਕ ਕਰੀ ਆਬਾਦ। ਲਗਾ ਇਸ਼ਕ ਦਿਵਾਨਿਆਂ ਜਿਉਂ ਜੇਗਾਲ ਫਲਾਦ। ਵਸਦੇ ਬੂਹੇ ਪਟਕੇ ਇਸ਼ਕ ਕਰੇ ਬਰਬਾਦ। ਬਾਨ ਮਨੁਖਾ ਖਾਣ ਦੀ ਮੁਢ ਕਦੀਮੋ ਆਦ। ਮੋਏ ਇਸ਼ਕ ਕਮ ਓਦੇ ਦੁਨੀਆਂ ਦੀਨ ਆਜਾਦ॥ ੬ ॥ ਵਿਚ ਮਸੀਤ ਦੇ ਬੈਠਕੇ ਸਿਰ ਪਰ ਰਖ ਕੁਰਾਨ ਖਾਧੀ ਕਸਮ ਰਸੂਲ ਦੀ ਕੀਤ ਕੌਲ ਜੁਬਾਨ। ਭੰਗ ਨਾ ਪਾਉਨਾ ਦੋਸਤੀ ਜਦ ਤਕ ਜਾਨ ਜਹਾਨ। ਨਾ ਮੂੰਹ ਮੋੜਾਂ ਯਾਰ ਤੋਂ ਵਰਜੇ ਆਨ ਜਹਾਨ। ਦੀਮਾਂ ਬਾਝ ਗੁਲਾਮ ਹਾਂ ਵੇਚੇ ਕਿਸੇ ਦੁਕਾਨ। ਕਲਮਾ ਭਰੂ ਵਫੀਕ ਦਾ ਸਾਬਕ ਸਿਦਕ ਈਮਾਨ। ਰੋਜ ਕਿਆਮਤ ਆਖਰੀ ਪਲਾ ਫੜੂ ਪਛਾਨ। ਭੇਟਾ ਨੀ ਜਟ ਦੇ ਬੋਲ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.